Punjabi | ਪੰਜਾਬੀ



# ਕੀ ਤੁਹਾਡਾ ਬੱਚਾ ਪ੍ਰਾਇਮਰੀ ਸਕੂਲ ਸ਼ੁਰੂ ਕਰਨ ਲਈ ਤਿਆਰ ਹੈ?

ਹੁਣ ਜਦੋਂ ਕਿ ਤੁਹਾਡਾ ਬੱਚਾ 5 ਸਾਲ ਦਾ ਹੋ ਰਿਹਾ ਹੈ, ਹੁਣ ਸਮਾਂ ਆ ਗਿਆ ਹੈ ਕਿ ਉਸਨੂੰ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾਉਣ ਬਾਰੇ ਸੋਚਿਆ ਜਾਵੇ।

ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਨੂੰ ਫਾਊਂਡੇਸ਼ਨ (ਪ੍ਰੈਪ) ਕਿਹਾ ਜਾਂਦਾ ਹੈ। ਬੱਚੇ ਫਾਊਂਡੇਸ਼ਨ ਸ਼ੁਰੂ ਕਰ ਸਕਦੇ ਹਨ ਜੇਕਰ ਉਹ ਸਕੂਲ ਸ਼ੁਰੂ ਕਰਨ ਵਾਲੇ ਸਾਲ ਵਿੱਚ 30 ਅਪ੍ਰੈਲ ਤੱਕ 5 ਸਾਲ ਦੇ ਹੋ ਜਾਂਦੇ ਹਨ।

6 ਸਾਲ ਦੇ ਬੱਚਿਆਂ ਲਈ ਸਕੂਲ ਜਾਣਾ ਲਾਜ਼ਮੀ ਹੈ।

## ਵਿਕਟੋਰੀਆ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਕਿਸ ਤਰ੍ਹਾਂ ਕਰਵਾਇਆ ਜਾਵੇ

### ਅਰਜ਼ੀ ਦੇਣ ਤੋਂ ਪਹਿਲਾਂ

→ ਪਤਾ ਕਰੋ ਕਿ ਤੁਹਾਡਾ ਬੱਚਾ ਆਪਣੀ ਉਮਰ ਦੇ ਆਧਾਰ 'ਤੇ ਕਿਸ ਸਾਲ ਸਕੂਲ ਸ਼ੁਰੂ ਕਰ ਸਕਦਾ ਹੈ

→ **findmyschool.vic.gov.au** 'ਤੇ ਜਾ ਕੇ ਸਕੂਲ ਅਤੇ ਆਪਣਾ ਸਕੂਲ ਜ਼ੋਨ ਲੱਭੋ

→ ਟੂਰ ਬੁੱਕ ਕਰਨ ਲਈ ਟਰਮ 1 ਤੋਂ ਹੀ ਪ੍ਰਾਇਮਰੀ ਸਕੂਲਾਂ ਨਾਲ ਸੰਪਰਕ ਕਰੋ (ਮਰਜ਼ੀ ਅਨੁਸਾਰ)।

### ਅਰਜ਼ੀ ਕਿਵੇਂ ਦੇਣੀ ਹੈ

→ ਫਾਊਂਡੇਸ਼ਨ (ਪ੍ਰੈਪ) ਲਈ ਅਰਜ਼ੀਆਂ ਟਰਮ 2 ਦੀ ਸ਼ੁਰੂਆਤ ਤੋਂ ਖੁੱਲ੍ਹ ਜਾਂਦੀਆਂ ਹਨ

→ ਆਪਣਾ ਅਰਜ਼ੀ ਫਾਰਮ ਜੁਲਾਈ ਦੇ ਆਖ਼ਰੀ ਸ਼ੁੱਕਰਵਾਰ ਤੱਕ ਜਮ੍ਹਾ ਕਰਵਾਓ

→ ਸਕੂਲ ਅਗਸਤ ਦੇ ਪਹਿਲੇ 2 ਹਫ਼ਤਿਆਂ ਦੌਰਾਨ ਨਤੀਜੇ ਨਾਲ ਤੁਹਾਡੇ ਨਾਲ ਸੰਪਰਕ ਕਰਨਗੇ।

**vic.gov.au/enrolling-foundation-prep**
'ਤੇ ਜਾ ਕੇ ਹੋਰ ਜਾਣੋ

The Education State

VICTORIA State Government | Department of Education